Alberta

News release

# ਸਮਰ ਓਪਨਿੰਗ ਪਲੈਨ(ਗਰਮੀ ਰੁੱਤ ਦੌਰਾਨ ਸਹੂਲਤਾਂ ਖੋਲਣ ਸਬੰਧੀ ਯੋਜਨਾ) ਦਾ ਦੂਜਾ ਪੜਾਅ 10 ਜੂਨ ਤੋਂ ਸ਼ੁਰੂ ਹੋ ਰਿਹਾ ਹੈ।

ਜੂਨ 09, 2021 Media inquiries

## ਅਲਬਰਟਾ, ਫਿਟਨੈਸ ਸੈਂਟਰ, ਲਾਇਬ੍ਰੇਰੀਆਂ, ਸਿਨੇਮਾ ਘਰ ਅਤੇ ਵੱਡੇ ਆਊਟਡੋਰ(ਬਾਹਰੀ)ਇਕੱਠ ਮੁੜ ਸ਼ੁਰੂ ਕਰਕੇ ਸੁਰੱਖਿਅਤ ਸਧਾਰਨ ਮਹੌਲ ਵਿੱਚ ਪਰਤਣ ਵੱਲ ਵੱਡਾ ਕਦਮ ਚੁੱਕ ਰਿਹਾ ਹੈ।

10 ਜੂਨ ਤੋਂ ਸਮਰ ਓਪਨਿੰਗ ਯੋਜਨਾ ਦਾ ਦੂਜਾ ਪੜਾਅ 12 ਸਾਲ ਤੋਂ ਉੱਪਰ ਦੇ ਲੱਗਭੱਗ 60 ਪ੍ਰਤੀਸ਼ਤ ਅਲਬਰਟਾਵਾਸੀਆਂ ਦੁਆਰਾ 1 ਖੁਰਾਕ ਲੈਣ ਦੇ 2 ਹਫਤੇ ਬਾਦ ਅਤੇ ਕੋਵਿਡ-19 ਨਾਲ ਹਸਪਤਾਲ ਵਿੱਚ 500 ਤੋਂ ਘੱਟ ਲਗਾਤਾਰ ਦਾਖਲੇ ਤੋਂ ਬਾਦ ਸ਼ੁਰੂ ਕੀਤਾ ਜਾ ਰਿਹਾ ਹੈ।

ਅਧਿਕਾਰੀ ਅਲਬਰਟਾ ਵਿੱਚ ਵੈਕਸੀਨ ਵਿਤਰਣ ਵਿੱਚ ਪ੍ਰਗਤੀ ਨੂੰ ਚੈੱਕ ਕਰਨ ਦੇ ਨਾਲ ਨਾਲ ਸੂਬੇ ਵਿੱਚ ਕੋਵਿਡ-19 ਦੇ ਫੈਲਾਅ ਤੇ ਵੀ ਕੜੀ ਨਿਗਰਾਨੀ ਰੱਖਣਗੇ।

**10 ਜੂਨ ਤੋਂ ਸਮਰ ਓਪਨਿੰਗ ਪਲੈਨ ਦੇ ਦੂਜੇ ਪੜਾਅ ਦੇ ਲਾਗੂ ਹੋਣ ਤੇ ਘਟਾਈਆਂ ਜਾਣ ਵਾਲੀਆਂ ਪਾਬੰਦੀਆਂ**

- ਆਊਟਡੋਰ(ਬਾਹਰ) ਸਮਾਜਕ ਇਕੱਠਾਂ ਤੇ ਸਰੀਰਕ ਦੂਰੀ ਰੱਖਦੇ ਹੋਏ 20 ਵਿਅਕਤੀਆਂ ਤੱਕ ਵਾਧਾ।
- ਇੰਨਡੋਰ ਅਤੇ ਆਊਟਡੋਰ ਵਿਆਹ ਸਮਾਰੋਹ 20 ਹਾਜ਼ਰੀਨਾਂ ਤੱਕ ਹੋ ਸਕਦੀਆਂ ਹਨ। ਰਿਸੈਪਸ਼ਨ ਪਾਰਟੀ ਬਾਹਰ(ਆਊਟਡੋਰ) ਕਰਨ ਦੀ ਇਜਾਜ਼ਤ ਹੈ।
- ਇੰਨਡੋਰ ਅਤੇ ਆਊਟਡੋਰ ਅੰਤਿਮ ਸੰਸਕਾਰ ਸਮਾਰੋਹ ਵਿੱਚ 20 ਵਿਅਕਤੀਆਂ ਤੱਕ ਪਾਬੰਦੀ ਵਿੱਚ ਕੋਈ ਤਬਦੀਲੀ ਨਹੀਂ ਹੈ। ਰਿਸੈਪਸ਼ਨ ਬਾਹਰ(ਆਊਟਡੋਰ) ਕਰਨ ਦੀ ਇਜਾਜ਼ਤ ਹੈ।
- ਰੈਸਟੋਰੈਂਟ ਅੰਦਰ ਜਾਂ ਬਾਹਰ 6 ਲੋਕਾਂ ਤੱਕ ਬੈਠਣ ਦਾ ਪ੍ਰਬੰਧ ਕਰ ਸਕਦੇ ਹਨ।
  - ਡਾਇੰਨਿੰਗ ਪਾਰਟੀਆਂ ਹੁਣ ਕੇਵਲ ਘਰਾਂ ਤੱਕ ਹੀ ਸੀਮਤ ਨਹੀਂ ਹਨ।
  - ਸਰੀਰਕ ਦੂਰੀ ਅਤੇ ਹੋਰ ਪਾਬੰਦੀਆਂ ਉਸੇ ਤਰਾਂ ਲਾਗੂ ਹਨ।
- ਰਿਟੇਲ ਸਮੱਰਥਾ ਨੂੰ ਵਧਾ ਕੇ ਫਾਇਰ ਕੋਡ ਦੀ ਸਮੱਰਥਾ ਦੇ ਇੱਕ ਤਿਹਾਈ ਸਮੱਰਥਾ ਤੱਕ ਕੀਤਾ ਗਿਆ ਹੈ।
- ਧਾਰਮਿਕ ਸਥਾਨਾਂ ਦੀ ਸਮੱਰਥਾ ਨੂੰ ਵਧਾ ਕੇ ਫਾਇਰ ਕੋਡ ਦੀ ਸਮੱਰਥਾ ਦੇ ਇੱਕ ਤਿਹਾਈ ਸਮੱਰਥਾ ਤੱਕ ਕੀਤਾ ਗਿਆ ਹੈ।
- ਜਿੰਮ ਅਤੇ ਹੋਰ ਇੰਨਡੋਰ ਫਿਟਨੈਸ ਸਹੂਲਤਾਂ ਹਿੱਸਾ ਲੈਣ ਵਾਲਿਆਂ ਅਤੇ ਤੰਦਰੁਸਤੀ ਕਲਾਸਾਂ ਵਿਚਾਲੇ ਤਿੰਨ ਮੀਟਰ ਦੀ ਦੂਰੀ ਦੇ ਨਾਲ ਇਕੱਲੇ ਅਤੇ ਡਰਾਪ-ਇਨ ਗਤੀਵਿਧੀਆਂ ਲਈ ਜਿੰਮ ਅਤੇ ਹੋਰ ਅੰਦਰੂਨੀ ਤੰਦਰੁਸਤੀ ਸਹੂਲਤਾਂ ਤਿੰਨ ਮੀਟਰ ਦੀ ਦੂਰੀ ਦੇ ਨਾਲ ਮੁੜ ਸ਼ੁਰੂ ਹੋ ਸਕਦੀਆਂ ਹਨ।
- ਇੰਨਡੋਰ ਖੇਤਰ, ਇਨਡੋਰ ਰੀਕਰੀਏਸ਼ਨ ਸੈਂਟਰਾਂ ਸਮੇਤ ਇੱਕ ਤਿਹਾਈ ਫਾਇਰ ਕੋਡ ਸਮੱਰਥਾ ਤੱਕ ਖੁੱਲ ਕਦੇ ਹਨ। ਇਸ ਵਿੱਚ ਅਰੀਨਾ, ਸਿਨੇਮਾ, ਥਿਏਟਰ, ਮਿਊਜ਼ੀਅਮ, ਆਰਟ ਗੈਲਰੀਆਂ ਅਤੇ ਲਾਇਬ੍ਰੇਰੀਆਂ ਸ਼ਾਮਿਲ ਹਨ।
- ਇੰਨਡੋਰ ਅਤੇ ਆਊਟਡੋਰ ਕਿਸ਼ੋਰ ਅਤੇ ਬਾਲਗ ਖੇਡਾਂ ਵੀ ਸ਼ੁਰੂ ਹਨ।
- ਕਿਸ਼ੋਰ ਗਤੀਵਿਧੀਆਂ ਜਿਵੇਂ ਕਿ ਡੇ-ਕੈਂਪ, ਰਾਤਰੀ ਕੈਂਪ ਅਤੇ ਪਲੇ-ਸੈਂਟਰ ਖੁੱਲ ਸਕਦੇ ਹਨ।
- ਨਿਜੀ ਅਤੇ ਵੈੱਲਨੈਸ ਸੇਵਾਵਾਂ ਵਾਕ ਇੰਨ ਸੇਵਾ ਵਿੱਚ ਉਪਲੱਬਧ ਹੋ ਸਕਦੀਆਂ ਹਨ।
- ਪੋਸਟ ਸੈਕੰਡਰੀ ਸੰਸਥਾਵਾਂ ਵਿੱਚ ਇੰਨ-ਪਰਸਨ ਸਿਖਲਾਈ ਸ਼ੁਰੂ ਹੋ ਸਕਦੀ ਹੈ।

- ਵਰਕ ਫਰੌਮ ਹੋਮ(ਘਰੋਂ ਕੰਮ) ਦੇ ਹੁਕਮ ਵਾਪਿਸ ਲੈ ਲਏ ਗਏ ਹਨ ਪਰੰਤੂ ਅਜੇ ਵੀ ਇਸਦੀ ਸਿਫਾਰਿਸ਼ ਕੀਤੀ ਜਾਂਦੀ ਹੈ।
- ਆਊਟਡੋਰ ਫਿਕਸਡ ਸੀਟਿੰਗ ਸਹੂਲਤਾਂ ਜਿਵੇਂ ਗ੍ਰੈਂਡਸਟੈਂਡ ਇੱਕ ਤਿਹਾਈ ਸਮੱਰਥਾ ਨਾਲ ਖੁੱਲ ਸਕਦੀਆਂ ਹਨ।
- ਜਨਤਕ ਆਊਟਡੋਰ ਇਕੱਠਾਂ ਦੀ ਸੀਮਾ ਵਧਾ ਕ 150 ਕਰ ਦਿੱਤੀ ਗਈ ਹੈ (ਉਦਾ.ਕੌਂਸਰਟ/ਫੈਸਟੀਵਲ(ਮੇਲੇ))

ਦੂਜੇ ਪੜਾਅ ਵਿੱਚ ਵੀ ਇੰਨਡੋਰ ਮਾਸਕ ਅਤੇ ਦੂਰੀ ਸਬੰਧੀ ਲੋੜਾਂ ਉਸੇ ਤਰਾਂ ਹੀ ਰਹਿਣਗੀਆਂ। ਕੁਝ ਪਾਬੰਦੀਆਂ ਹਰ ਕਦਮ ਦੇ ਤਹਿਤ ਲਗਾਤਾਰ ਲਾਗੂ ਰਹਿਣਗੀਆਂ।

ਸਟੇਜ 3 ਜੁਨ ਦੇ ਅਖੀਰ ਜਾਂ ਜੁਲਾਈ ਦੇ ਸ਼ੁਰੂ ਵਿੱਚ ਚਾਲੂ ਹੋਵੇਗੀ। ਇਹ ਸਾਰੇ ਅਲਬਰਟਾਵਾਸੀਆਂ ਦੁਆਰਾ ਲਗਾਤਾਰ ਟੀਕਾ ਲਵਾਉਣ ਅਤੇ ਜਨਤਕ ਸਿਹਤ ਉਪਾਵਾਂ ਦੇ ਸਹੀ ਪਾਲਣ ਤੇ ਨਿਰਭਰ ਕਰਦਾ ਹੈ।

ਅਲਬਰਟਾਵਾਸੀ ਸੂਬੇ ਵਿੱਚ ਟੀਕਾਕਰਨ ਵਿੱਚ ਪ੍ਰਗਤੀ ਨੂੰ alberta.ca ਤੇ ਕੇ ਵੇਖ ਸਕਦੇ ਹਨ।

ਅਲਬਰਟਾ ਸਰਕਾਰ ਜਾਨਾਂ ਅਤੇ ਰੋਜੀ ਰੋਟੀ ਦੀ ਸੁਰੱਖਿਆ, ਛੋਟੇ ਵਪਾਰਾਂ ਨੂੰ ਚਲਦਿਆਂ ਰੱਖਦੇ ਹੋਏ ਅਤੇ ਅਲਬਰਟਾ ਦੇ ਹੈਲਥ ਕੇਅਰ ਸਿਸਟਮ ਦੀ ਰੱਖਿਆ ਕਰਦੇ ਹੋਏ ਕੋਵਿਡ-19 ਪੈਨਡੈਮਿਕ ਦੇ ਵਕਰ ਨੂੰ ਮੋੜਨ ਲਈ ਸੁਚੱਜੇ ਉਪਾਅ ਕਰ ਰਹੀ ਹੈ।

# ਸਬੰਧਿਤ ਜਾਣਕਾਰੀ

- Alberta's Open for Summer Plan
- COVID-19 info for Albertans

# ਮੀਡੀਆ ਪੁੱਛਗਿੱਛ

Jerrica Goodwin
587-988-3278
ਪ੍ਰੈਸ ਸੈਕਟਰੀ, ਪ੍ਰੀਮੀਅਰ ਦਫਤਰ

Tom McMillan
780-422-4905
ਅਸਿਸਟੈਂਟ ਡਾਇਰੈਕਟਰ ਆਫ ਕਮਿਊਨੀਕੇਸ਼ਨਜ਼, ਹੈਲਥ

---

View this announcement online
Government of Alberta newsroom
Contact government
Unsubscribe

Classification: Public